# ਜਾਣੋ ਆਪਣੇ ਇਲਾਕੇ ਵਿੱਚ ਖਾਦ ਦੀ ਉਪਲਭਧਤਾ

ਜਿਵੇਂ ਕਿ ਝੋਨਾ ਅਤੇ ਹੋਰ ਸਾਉਣੀ ਦੀਆਂ ਫ਼ਸਲਾਂ ਦੀ ਵਾਢੀ ਤੋਂ ਬਾਅਦ, ਹੁਣ ਕਿਸਾਨਾਂ ਦਾ ਧਿਆਨ ਕਣਕ ਅਤੇ ਬਾਕੀ ਹਾੜ੍ਹੀ ਦੀਆਂ ਫ਼ਸਲਾਂ ਵੱਲ ਹੋ ਗਿਆ ਹੈ ਤਾਂ ਖਾਦ ਜਿੱਦਾਂ ਯੂਰੀਆ ਅਤੇ ਡੀ ਏ ਪੀ ਦੀ ਮੰਗ ਵੀ ਵਧ ਗਈ ਹੈ। ਆਪਣੇ ਇਲਾਕੇ ਵਿੱਚ ਖਾਦ ਉਪਲਭਧ ਨਾ ਹੋਣ ਕਰਕੇ ਕਈ ਵਾਰੀ ਕਿਸਾਨਾਂ ਨੂੰ ਖਾਦ ਦੀ ਖ਼ਰੀਦ ਲਈ ਪਰੇਸ਼ਾਨ ਹੋਣਾ ਪੈਂਦਾ ਹੈ।

ਲੇਕਿਨ ਹੁਣ ਕਿਸਾਨ ਘਰ ਬੈਠੇ ਆਪਣੇ ਫੋਨ ਜਾਂ ਕੰਪਿਊਟਰ ਉੱਤੇ ਸਥਾਨਕ ਖਾਦ ਦੀ ਉਪਲਭਤਾ ਦੀ ਜਾਣਕਾਰੀ ਲੈ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਖ਼ਰੀਦ ਕਰਨ ਵਿੱਚ ਆਸਾਨੀ ਹੋਵੇ। ਭਾਰਤ ਸਰਕਾਰ ਦੇ ਖਾਦ ਵਿਭਾਗ ਨੇ ਈ-ਉਰਵਰਕ ਐਪ ਅਤੇ ਪੋਰਟਲ ਤਿਆਰ ਕੀਤੇ ਹਨ ਜਿਨ੍ਹਾਂ ਉੱਤੇ ਅਸਲ ਸਮੇਂ ਵਿੱਚ ਖਾਦ ਦੀ ਪੂਰੀ ਜਾਣਕਾਰੀ ਮਿਲਦੀ ਹੈ।

ਈ-ਉਰਵਰਕ ਐਪ ਗੂਗਲ ਪਲੇ ਸਟੋਰ ਉੱਤੇ ਉਪਲਭਧ ਹੈ। ਇੰਟਰਨੈਟ ਰਾਹੀਂ ਕੰਪਿਊਟਰ ਜਾਂ ਲੈਪਟਾਪ ਉੱਤੇ ਵੀ ਈ-ਉਰਵਰਕ ਪੋਰਟਲ ਉੱਤੇ ਖਾਦ ਦੀ ਉਪਲਭਧਤਾ ਦੀ ਜਾਣਕਾਰੀ ਲਈ ਜਾ ਸਕਦੀ ਹੈ।

ਹੁਣ ਖਾਦ ਦੀ ਉਪਲਭਧਤਾ ਦੀ ਗੱਲ। 21 ਅਕਤੂਬਰ ਤੱਕ ਭਾਰਤ ਵਿੱਚ ਕਰੀਬ 53.51 ਲੱਖ ਮੀਟ੍ਰਿਕ ਟਨ ਯੂਰੀਆ, 18.82 ਲੱਖ ਮੀਟ੍ਰਿਕ ਟਨ ਡੀ ਏ ਪੀ, 32.55 ਲੱਖ ਮੀਟ੍ਰਿਕ ਟਨ ਐਨ ਪੀ ਕੇ ਐਸ ਅਤੇ 8.25 ਲੱਖ ਮੀਟ੍ਰਿਕ ਟਨ ਐਮ ਓ ਪੀ ਸੁਲੱਭ ਸੀ। ਖਾਦ ਦੀ ਤਾਜ਼ਾ ਜਾਣਕਾਰੀ ਈ-ਉਰਵਰਕ ਐਪ ਜਾਂ ਪੋਰਟਲ ਉੱਤੇ ਲਈ ਜਾ ਸਕਦੀ ਹੈ। ਧੰਨਵਾਦ।

## e-Urvarak ਐਪ ਦਾ ਵੇਰਵਾ

- ਖਾਦਾਂ ਨਾਲ ਸਬੰਧਤ ਜਾਣਕਾਰੀ ਯਾਨੀ ਡੀਲਰ, ਰਿਟੇਲਰ (ਪਰਚੂਨ ਵਿਕਰੇਤਾ) ਅਤੇ ਪੁਆਇੰਟ-ਆਫ-ਸੇਲ ਉਪਕਰਣਾਂ ਦੀ ਉਪਲਬਧਤਾ ਅਤੇ ਚੁਣੇ ਹੋਏ ਜ਼ਿਲ੍ਹੇ ਦੀ ਸਥਿਤੀ ਲਈ ਅਸਲ ਸਮੇਂ ਵਿੱਚ ਟਰੈਕਿੰਗ
- ਚੁਣੇ ਗਏ ਜ਼ਿਲ੍ਹੇ ਦੀ ਖਾਦ ਸਮੂਹ ਅਨੁਸਾਰ ਮੰਗ, ਵਿਕਰੀ ਅਤੇ ਉਪਲਬਧਤਾ
- ਜ਼ਿਲ੍ਹੇ ਦੇ ਡੀਲਰਾਂ ਅਤੇ ਪਰਚੂਨ ਵਿਕਰੇਤਾਵਾਂ ਦੀ ਸੂਚੀ, ਡੀਲਰਾਂ/ਪਰਚੂਨ ਵਿਕਰੇਤਾਵਾਂ ਦੇ ਵੇਰਵੇ ਦੇ ਨਾਲ ਅਸਲ ਸਮੇਂ ਵਿੱਚ ਮੌਜੂਦਾ ਭੰਡਾਰ ਦੀ ਉਪਲਬਧਤਾ
- ਐਪ ਰਾਹੀਂ ਡੀਲਰ/ ਪਰਚੂਨ ਵਿਕਰੇਤਾਵਾਂ ਨੂੰ ਕਾਲ ਕਰਨ ਦੀ ਸਹੂਲਤ